ਕਾਪੀ ਰਾਈਟ ਮਹਫੂਜ਼ ਹੈ।

ਪ੍ਰਾਚੀਨ

# ਤ੍ਵਾਰੀਖ ਅਕਾਲੀ

ਰਚਿਤ

ਸ੍ਰੀ ਮਾਨ ਮਾਸਟਰ ਹਰੀ ਸਿੰਘ ਜੀ ਗ੍ਯਾਨੀ

ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ

G. 763

ਜਿਸ ਵਿਚ

ਅਕਾਲੀਆਂ ਦਾ ਪੂਰਾ ੨ ਵਰਨਨ ਸ੍ਰੀ ਗੁਰੂ ਨਾਨਕ ਸਾਹਿਬ
ਜੀ ਤੋਂ ਲੈਕੇ ਅਜ ਤਕ ਬ੍ਰਿਤਾਂਤ ਹੇ ਤੇ ਆਉਣ ਵਾਲੇ
ਸਮੇਂ ਦਾ ਹਾਲ ਭੀ ਲਿਖਿਆ ਹੈ।

DYAL SINGH

ਜਿਸਨੂੰ

ਭਗਤਸਿੰਘ ਕੁਤਬਫਰੋਸ਼ ਬਜਾਰਮਾਈਸੇਵਾਂ

ਸ੍ਰੀ ਅੰਮ੍ਰਿਤਸਰ ਨੈ ਛਪਵਾਇਆ।

ਪੁਸਤਕ ਮਿਲਨ ਦਾ ਪਤਾ:-

ਗੋਲਡਨਪ੍ਰੈਸ ਪਾਸ-(ਬਾਗ ਜਲਿਆਂਵਾਲਾ)

ਅੰਮ੍ਰਿਤਸਰ।

---

ਗੋਲਡਨਪ੍ਰੈਸ ਪਾਸ-(ਬਾਗ ਜਲਿਆਂ ਵਾਲਾ) ਅੰਮ੍ਰਿਤਸਰ ਵਿਚ
ਭਾਈ ਸ਼ਾਮਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੀ।

ਪਹਲੀ ਵਾਰ ੧੦੦੦ ਕਾਪੀ]

[ਭੇਟਾ ੧)

# ਤਤਕਰਾ ਤਵਾਰੀਖ ਅਕਾਲੀ


ਵਿਸ਼ਯ — ਪੰਨਾ

ਭੂਮਕਾ ੧
ਤਵਾਰੀਖ ਹਾਲਾਤ ੨
ਹਿੰਦੁਸਤਾਨ ਦੀ ਪਹਿਲੀ ਦਸ਼ਾ ੩
ਮੁਸਲਮਾਨੀ ਰਾਜ ਤੇ ਜ਼ੁਲਮ ੫
ਭਵਿਸ਼ਤ ਪੁਰਾਣ ਵਿਚੋਂ ਸ੍ਰੀ ਗੁਰੂ ਨਾਨਕ ਜੀ ਦਾ ਪ੍ਰਗਟ ਹੋਣਾ ੬
ਸਵਾਲ ਜਵਾਬ ਕਾਜ਼ੀ ਰੁਕਨ ਦੀਨ ੧੧
ਮਕੇ ਵਿਚ ਬਾਬੇ ਨਾਨਕ ਜੀ ਨੇ ਅਕਾਲੀ ਹੋਣ ਦੀ ਭਵਿ-ਸ਼ਤ ਕਥਾ ਕੈਹਣੀ ੧੨
ਸਵਾਲ ਜੁਵਾਬ ਕਾਜੀ ਰੁਕਨ ਦੀਨ ੧੩
ਕਾਰੂ ਬਾਦਸ਼ਾਹ ਨੂੰ ਅਕਾਲੀ ਹੋਣ ਦਾ ਭਵਿਸ਼ਤ ਬਚਨ ਬੋਲਨਾ ੧੪
ਕਲਜੁਗ ਹੋਸੀ ਕਾ ਲਾਬਾਣਾ ੧੫
ਭਾਈ ਲਾਲੋ ਦੇ ਪ੍ਰਥਾਇ ਭਵਿਸ਼ਤ ਬਚਨ ਬੋਲਨਾ ੧੫
ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ੧੯
ਤਖ਼ਤ ਅਕਾਲ ਬੁੰਗਾ ੨੨
ਗੁਰੂ ਹਰਿਰਾਇ ਜੀ ਨੇ ਨਾਭੇ ਪਟਿਆਲੇ ਤੇ ਜੀਂਦ ਦਾ ਰਾਜ ਬਖਸ਼ਨਾ ੨੫
ਝੂਠੀ ਖੁਸ਼ਾਮਦ ਤੇ ਰਾਮ ਰਾਇ ਨੂੰ ਪੰਥ ਤੋਂ ਖਾਰਜ ਕਰਨਾ ੨੬
ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ੨੭
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਗਟ ਹੋਣਾ ੩੩
ਭੀਖਮ ਸ਼ਾਹ ਨੇ ਦਰਸ਼ਨ ਕਰਨ ਆਉਣਾ ਤੇ ਅਕਾਲੀ ਹੋਣ ਦੀ ਭਵਿਸ਼ਤ ਕਥਾ ਕੈਹਣੀ ੩੫
ਗੁਰਪਰਨਾਲੀ ੩੬
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਚੁਨਣੇ ਤੇ ਅੰਮ੍ਰਿਤ ਪ੍ਰਚਾਰ ਕਰਨਾ ੪੨
ਬਾਬਾ ਫਤਹ ਸਿੰਘ ਜੀ ਨੇ ਅਕਾਲੀ ਸਿੰਘ ਪੈਦਾ ਕਰਨੇ ੪੯
ਮਾਨ ਸਿੰਘ ਅਕਾਲੀ ਨੂੰ ਬਖਸ਼ਸ਼ ਕਰਨੀ ੫੧
ਨਸ਼ਿਆਂ ਦੀ ਨਖੇਧੀ ੫੪
ਪ੍ਰਾਚੀਨ ਸਿੰਘਾਂ ਦੀ ਰਹਿਣੀ ੫੫
ਜਥੇਦਾਰ ਦਾ ਹੁਕਮ ੫੭
ਖਾਲਸੇ ਦਾ ਖਾਨ ਪੀਨ ਤੇ ਰਹਿਣਾ ਬਹਿਣਾ ੫੭
ਖਾਲਸੇ ਦੇ ਅਪਨੇ ਬੋਲੇ ੬੦
ਖਾਲਸੇ ਦੀ ਜਨਮ ਮਰਨ ਰੀਤੀ ੬੨
ਇਸਤ੍ਰੀ ਸਿਖਯਾ ੬੩
ਸਿਖੀ ਦਾ ਨਾਤਾ ੬੪

| ਵਿਸ਼ਯ | ਪੰਨਾ |
|---|---|
| ਖਾਲਸੇ ਦੀ ਮਹਿਮਾ | ੬੫ |
| ਤਨਖਾਹ ਨਾਮਾ | ੬੭ |
| ਕੜਾਹ ਪ੍ਰਸ਼ਾਦ ਦੀ ਰੀਤੀ | ੬੯ |
| ਪ੍ਰਸ਼ਨ ਉਤਰ ਭਾਈ ਨੰਦ ਲਾਲ ਜੀ | ੭੦ |
| ਕੇਸ ਰਖਣੇ ਪਰਮ ਧਰਮ ਹੈ | ੭੧ |
| ਕਛ, ਕੜਾ, ਕ੍ਰਿਪਾਨ, ਕੰਘਾ ਰਖਣਾ ਜਰੂਰੀ ਹੈ | ੭੬ |
| ਜੋ ਕੋਈ ਭੀ ਗੁਰ ਸਿਖੀ ਤੋਂ ਗਿਰੇਗਾ ਉਸਦਾ ਬੁਰਾ ਹਾਲ ਹੋਵੇਗਾ | ੭੯ |
| ਗੁਰੂ ਘਰ ਵਿਚ ਜ਼ਾਤ ਪਾਤ ਦਾ ਖਿਆਲ ਨਹੀਂ | ੭੬ |
| ਪੰਜਾਂ ਪਿਆਰਿਆਂ ਦੇ ਜਥੇ-ਦਾਰ ਭਾਈ ਦਯਾ ਸਿੰਘ ਦਾ ਰਹਿਤ ਨਾਮਾ | ੯੦ |
| ਅਨੰਦ ਪੁਰ ਵਿਚ ਪਹਾੜੀ ਰਾਜਿਆਂ ਤੇ ਬੇਦੀ ਸੋਢੀਆਂ ਨੂੰ ਅੰਮ੍ਰਿਤ ਛਕਨ ਦਾ ਕੈਹਣਾ | ੯੩ |
| ਅਨੰਦ ਪੁਰ ਦਾ ਜੰਗ ਤੇ ਗੁਰੂਜੀਪਰ ਪਹਿਲਾਹਮਲਾ | ੯੫ |
| ਦੂਸਰਾ ਹਮਲਾ | ੯੬ |
| ਤੀਸਰਾ ਹਮਲਾ | ੯੯ |
| ਸਹੋਲੀ ਤੇ ਭੰਬੋਰ ਜਾਣਾ | ੯੬ |
| ਚੌਥਾ ਹਮਲਾ | ੬੧ |
| ਪੰਜਵਾਂ ਹਮਲਾ | ੬੨ |
| ਛੇਵੀ ਲੜਾਈ | ੬੫ |
| ਜੰਗ ਚਮਕੌਰ | ੬੩ |
| ਵਡੇ ਸਾਹਿਬ ਜਾਦਿਆਂ ਦੀ ਸ਼ਹੀਦੀ | ੬੯ |
| ਛੋਟੇ ਸਾਹਿਬ ਜਾਦਿਆਂ ਦੀ ਸ਼ਹੀਦੀ | ੧੦੧ |
| ਲਾਲਾ ਟੋਡਰ ਮਲ ਨੇ ਸਾਹਿਬ ਜਾਦਿਆ ਦਾ ਸਸਕਾਰ ਕਰਨਾ | ੧੦੫ |
| ਗੁਰੂ ਜੀ ਨੇ ਉਚ ਦੇ ਪੀਰ ਬਨਣਾ | ੧੦੬ |
| ਬੰਦੇ ਨੂੰ ਮਿਲਣਾ ਤੇ ਨਦੇੜ ਪੁਜਣਾ | ੧੦੯ |
| ਬਾਰਾਂ ਮਿਸਲਾਂ ਦਾ ਹਾਲ | ੧੦੬ |
| ਭਾਈ ਗਜਨ ਸਿੰਘ ਦੀ ਸਾਖੀ | ੧੧੨ |
| ਦਿਲੀ ਤੋੜ ਸਿੰਘ ਨਿਹੰਗ ਦੀ ਸਾਖੀ | ੧੧੪ |
| ਬੰਦੇਨੇ ਸਰਹੰਦ ਉਜਾੜਨੀ | ੧੧੫ |
| ਨਵਾਬ ਕਪੂਰ ਸਿੰਘ ਜੀ | ੧੧੬ |
| ਅਕਾਲੀ ਫੂਲਾ ਸਿੰਘ ਤੇ ਮਹਾਰਾਜਾ ਰਣਜੀਤਸਿੰਘ | ੧੧੬ |
| ਭਾ: ਸੀ ਗਨੰਦ ਗੋਰਾਵਾੜਾ | ੧੧੭ |
| ਮਸੇ ਰੰਗੜ ਨੂੰ ਮਾਰਨਾ | ੧੧੯ |
| ਭਾਈ ਮਨੀ ਸਿੰਘ ਜੀ | ੧੨੦ |
| ਭਾ: ਤਾਰੂ ਸਿੰਘ ਸ਼ਹੀਦ | ੧੨੧ |
| ਭਾ: ਸੁਬੇਗ ਸਿੰਘ ਸ਼ਾਹ ਬਾਜ ਸਿੰਘ ਜੀ ਸ਼ਹੀਦ | ੧੨੨ |
| ਬਾਬਾ ਦੀਪ ਸਿੰਘ ਗੁਰ ਬਖਸ਼ ਸਿੰਘ ਸ਼ਹੀਦ | ੧੨੩ |
| [illegible] ਸਿੰਘ | [illegible] |




ੴ ਸਤਿਗੁਰ ਪ੍ਰਸਾਦਿ ॥

—o—

# ਭੂਮਕਾ

ਜਿਸ ਕੌਮ ਦਾ ਇਤਹਾਸ ਲਿਖਿਆ ਜਾਵੇ ਜਿਨਾਂ ਚਿਰ ਉਸ ਕੌਮ ਦੇ ਬਾਨੀ ਮਹਾਂ ਪੁਰਸ਼ ਦੇ ਕੁਛ ਇਤਹਾਸ, ਉਨ੍ਹਾਂ ਦੇ ਆਉਣ ਦੇ ਮਨਤਵ, ਉਨ੍ਹਾਂ ਦੇ ਆਉਣ ਦੇ ਕਾਰਨ ਪੂਰੇ ੨ ਨਾਂ ਦਸੇ ਜਾਨ, ਤਾਂ ਪਤਾ ਨਹੀਂ ਲਗਦਾ ਕਿ ਉਨ੍ਹਾਂ ਨੇ ਕੀ ੨ ਉਪਕਾਰ ਕੀਤੇ ਹਨ ? ਨਾਲ ਹੀ ਇਹ ਦਸਦੇਣਾ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਦ ਆਉਣ ਤੋਂ ਪਹਿਲੋਂ ਦੇਸ਼ ਦੀ ਕੀ ਹਾਲਤ ਸੀ ? ਕੀ ੨ ਔਕੜਾਂ ਸਨ ਜਿਸ ਕਰਕੇ ਉਨ੍ਹਾਂ ਦੀ ਦੁਨੀਯਾਂ ਤੇ ਆਉਣ ਦੀ ਲੋੜ ਪੇਈ, ਅਤੇ ਉਨ੍ਹਾਂ ਨੇ ਜੋ ਉਪਕਾਰ ਭਾਰਤ ਵਰਸ਼ ਉਤੇ ਕੀਤੇ ਹਨ, ਤੇ ਕੁਰਬਾਨੀਆਂ ਆਪਨੇ ਬੇਟੇ, ਮਾਤਾ, ਪਿਤਾ, ਅਤੇ ਆਪਨੀਆਂ ਕੀਤੀਆਂ ਹਨ, ਓਹ ਸਭ ਦੇਸ਼ ਅਤੇ ਕੌਮ ਦੀ ਖਾਤਰ ਕੀਤੀਆਂ ਹਨ, ਅਰ ਉਨ੍ਹਾਂ ਦੇ ਆਉਣ ਤੋਂ ਪਹਿਲੇ ਜੋ ਦੇਸ਼ ਦੀ ਦੁਰਗਤੀ ਸੀ ਅਗਰ ਪੂਰੇ ਤੌਰ ਤੇ ਵਰਨਨ ਕੀਤੀ ਜਾਵੇ ਤਾਂ ਇਕ ਪੋਥਾ ਬਣ ਜਾਂਦਾ ਹੈ ਪਰ ਸੰਖੇਪ ਨਾਲ ਕੁਛ ਵਰਨਨ ਕੀਤਾ ਜਾਂਦਾ ਹੈ। ਜੈਸਾ ਕਿ ਮਾਝ ਦੀ ਵਾਰ ਵਿਚ ਗੁਰ ਵਾਕ ਹੈ:-

"ਕਲਿ ਕਾਤੀ ਰਾਜੇ ਕਾਸਾਈ, ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਂਹੀ ਕੈ ਚੜਿਆ।
ਹਉ ਭਾਲ ਵਿਕੁੰਨੀ ਹੋਈ ਅੰਧੇਰੈ ਰਾਹੁ ਨ ਕੋਈ।
ਵਿਚਹਉਮੈ ਕਰ ਦੁਖ ਰੋਈਕਹੁ ਨਾਨਕਕਿਨ ਬਿਧਗਤਿ ਹੋਈ"।

ਸੋ ਐਸੀ ਦੁਰਘਟਣਾ ਦੇਸ਼ ਦੀ ਹੋਈ ਜੋ ਕੋਈ ਸੁਖ ਨਾਲ ਨਹੀਂ ਬੈਠ ਸਕਦਾ ਸੀ, ਇਸਤੋਂ ਪਹਿਲੇ ਜੋ ਦੇਸ਼ ਦੀ ਹਾਲਤ ਸੀ ਓਹ ਆਪ ਅਗੇ ਪ੍ਰਗਟ ਕੀਤੀ ਜਾਂਦੀ ਹੈ ॥

ਇਸਲਾਮ ਬਾਦਸ਼ਾਹ ਦੇ ਆਉਣ ਤੋਂ ਪਹਿਲੇ ਜੋ ਦੇਸ਼ ਦੀ ਹਾਲਤ ਉਨਤੀ ਵਿਚ ਸੀ ਕੁਛ ਥੋੜੀ ਜਹੀ ਉਹ ਭੀ ਵਰਨਣ ਕੀਤੀ ਜਾਂਦੀ ਹੈ ਜੋ ਦੂਸਰੇ ਦੇਸ਼ ਦੇ ਯਾਤ੍ਰੂਆਂ ਨੇ ਲਿਖੀ ਹੈ ॥

ਮਹਮੂਦ ਗਜ਼ਨਵੀ ਦੇ ਹੱਲਿਆਂ ਤੋਂ ਪਹਿਲੇ ਈਰਾਨ ਦੇ ਬਾਦਸ਼ਾਹ ਦਾ ਇਕ ਵਕੀਲ ਅਬਦੁਲ ਰਜ਼ਾਕ ਨਾਮੀ ਆਪਣੇ ਸਫ਼ਰ ਨਾਮੇ ਵਿਚ ਇਉਂ ਲਿਖਦਾ ਹੈ:—

"ਜਦ ਮੈਂ ੭੭੩ ਹਿ: ਨੂੰ ਆਰੀਜਾ ਵਰਤ ਵਿਚ ਗਿਆ ਤਾਂ ਸਭਨਾਂ ਲੋਕਾਂ ਦੇ ਮਕਾਨਾਂ ਤੇ ਮੰਦਰਾਂ ਤੇ ਸੋਨੇ ਦੇ ਕਲਸ ਤੇ ਗਹਿਣੇ ਹੀਰੇ ਪੰਨੇ ਜੜੇ ਡਿਠੇ ਘਰਾਂ ਦੇ ਬਰਤਨ ਗਊਆਂ ਘੋੜਿਆਂ ਦੇ ਜੰਜੀਰੇ ਸੋਨੇ ਚਾਂਦੀ ਦੇ ਸਨ ਬਜ਼ਾਰਾਂ ਵਿਚ ਹੀਰਾ, ਮੋਤੀ, ਪੰਨਾ, ਮਾਣਕ, ਚੂਨੀ, ਫ਼ਿਰੋਜ਼ੇ ਲਸਕੀਏ, ਪੁਖਰਾਜ, ਭਾਮੜੇ ਆਦਿਕ ਰਤਨਾਂ ਦੇ ਢੇਰ ਲਗੇ ਹੋਏ ਸਰਾਫ਼ਾਂ ਦੀ ਦੁਕਾਨ ਤੇ ਡਿਠੇ, ਬਹੁਤ ਹੀ ਹਟੀਆਂ ਐਸੀਆਂ ਦੇਖੀਆਂ ਜਿੰਨ੍ਹਾਂ ਉਤੇ ਦਸ ਦਸ ਵੀਹ ਵੀਹ ਧੁਜਾ ਖਲੋਤੀਆਂ ਸਨ। ਜੋ ਇਕ ਧੁਜਾ ਕਰੋੜ ਦੀ ਨਿਸ਼ਾਨੀ ਹੁੰਦੀ ਹੈ। ਰਾਜਿਆਂ ਦੇ ਬੂਹਿਆਂ ਅਗੇ ਸੋਨੇ ਚਾਂਦੀ ਦੇ ਝੂਲਾਂ ਹੋਂਦਿਆਂ ਕਾਠੀਆਂ ਵਾਲੇ ਘੋੜੇ ਹਾਥੀ ਰਤਨ ਜੜਤ ਗਹਿਣਿਆਂ ਵਾਲੇ ਖਲੋਤੇ ਡਿਠੇ ॥

ਜਦ ਮੈਂ ਕਲੀ ਕੋਟ ਦੇ ਮਹਾਰਾਜੇ ਪਾਸ ਗਿਆ ਤਾਂ ਏਤਨੀ ਦੌਲਤ ਡਿਠੀ ਕਿ ਦਸੀ ਨਹੀਂ ਜਾਂਦੀ, ਬਜ਼ਾਰਾਂ ਵਿਚ ਸੋਨੇ, ਚਾਂਦੀ, ਰਤਨਾਂ ਦੇ ਢੇਰ ਲਗੇ ਹੋਏ ਤੇ ਧਾਣਏ ਲੈਣ ਦੇਣ ਕਰਦੇ ਡਿਠੇ, ਇਕ ਰੇਸ਼ਮੀ ਧੋਤੀ ਤੋਂ ਬਿਨਾਂ ਹੋਰ ਕੋਈ ਕਪੜਾ ਤੀਵੀਂ ਮਰਦ ਨਹੀਂ *ਪੈਹਨਦੇ। §ਲੱਕ ਵਿਚ ਸੋਨੇ ਦੇ ਜੰਜੀਰ, ਗਲ ਵਿਚ ਗੋਪ ਜੜਾਊ ਛਵਟੇ, ਕੜੇ, ਵਾਲੇ ਸਭਨਾਂ ਦੇ ਪਾਏ ਹੋਏ ਡਿਠੇ, ਰਾਜਾ ਦੇ ਮੰਦਰ ਸੋਨੇ ਦੇ ਰਤਨ ਜੜਤ ਮੂੰਗੇ ਦੀਆਂ ਚੁਗਾਠਾਂ ਚੰਦਨ ਦੇ ਤਖਤੇ ਦਰਵਾਨ ਸੋਨੇ ਦੇ ਡੰਡੇ ਲੈਕੇ ਵਡੇ ਮੁਲ ਦੇ ਗੈਹਣੇ ਪਾਇ ਹੋਏ ਪੰਜ

---

*ਇਹ ਪੜਦੇ ਦੀ ਰਸਮ ਮੁਸਲਮਾਨਾਂ ਦੇ ਰਾਜ ਤੋਂ ਨਿਕਲੀ ਹੈ ॥

§ਹੁਣ ਭੀ ਮਾਰਵਾੜੀ ਲੋਕ ਮਰਦ ਅਤੇ ਤੀਵੀਆਂ ਸੋਨੇ ਦੀਆਂ ਲੱਕ ਵਿਚ ਤੜਾਗੀਆਂ ਪੈਹਨਦੇ ਹਨ, ਜਿਸਦਾ ਪ੍ਰਤੱਖ ਨਮੂਨਾ ਦੇਖ ਲੌ ॥



ਸੌ ਘੋੜਾ ਪੰਜਾਹ ਪਾਲਕੀਆਂ ਇਕ ਸੌ ਇਕ ਹਾਥੀ ਸੋਨੇ ਚਾਂਦੀ ਦੇ ਮੜ੍ਹੇ ਹੋਏ, ਉਸਦੀ ਡਿਉਡੀ ਤੇ ਖਲੋਤੇ ਹੋਏ ਡਿਠੇ, ਇਕ ਹਾਥੀ ਚਿਟੇ ਰੰਗਦਾ ਸੋਨੇ ਦੇ ਜੰਜੀਰ ਗਹਿਣੇ ਜੜਾਊ ਅੰਬਾਰੀ ਵਾਲਾ ਰਾਜ ਗਦੀ ਦੇ ਪਾਸ ਖਲੋਤਾ ਰਹਿੰਦਾ, ਜਿਸ ਰਾਜ ਗੱਦੀ ਵਿਚ ਕਈ ਮਨ ਰਤਨ ਜੜੇ ਹੋਏ ਸੂਰਜ ਚੰਦ ਵਾਂਗੂ ਪ੍ਰਕਾਸ਼ ਕਰ ਰਹੇ ਸਨ, ਓਸ ਰਾਜ ਗੱਦੀ ਤੇ ਬੈਠਕੇ ਰਾਜਾ ਤੇ ਰਾਣੀ ਨਿਆਉਂ ਕਰਦੇ ਸਨ, ਇਕ ਲਖ ਕੋਤਲ ਸੋਨੇ ਚਾਂਦੀ ਦੇ ਜੰਜੀਰਾਂ ਵਾਲੇ ਤਬੇਲੇ ਵਿਚ ਖਲੋਤੇ ਰਹਿੰਦੇ ਸਨ ਮੈਂ ਅਨੇਕਾਂ ਮੁਲਕ ਡਿਠੇ ਪਰ ਏਸ ਮੁਲਕ ਵਿਚ ਸਾਰੀ ਦੁਨੀਆਂ ਨਾਲੋਂ ਲੱਖਾਂ ਗੁਣਾਂ ਦੌਲਤ ਹੈ, ਤੀਵੀਂ ਮਰਦ ਬਹੁਤ ਸੁੰਦਰ ਹਨ, ਚੋਰੀ ਠੱਗੀ ਦਗੇ ਫਰੇਬ ਦਾ ਕੋਈ ਨਾਮ ਨਹੀਂ ਜਾਣਦਾ, ਦੁਕਾਨਾਂ ਤੇ ਘਰ ਬਿਨਾਂ ਜੰਦਰੇ ਕੁੰਡੇ ਰਹਿੰਦੇ ਹਨ, ਸ਼ਰਾਬ ਨਹੀਂ ਪੀਂਦੇ ਮਾਸ ਨਹੀਂ ਖਾਂਦੇ ਜਿਸਨੂੰ ਬਹਿਸ਼ਤ ਆਖਦੇ ਹਨ ਸੋ ਇਹ ਮੁਲਕ ਹੈ ॥

ਇਹ ਇਕ ਦਾਨੇ ਪੁਰਸ਼ ਗੈਰ ਮੁਲਕ ਵਾਲੇ ਦੀ ਰਾਇ ਹੈ, ਜਿਸਤੋਂ ਪਾਠਕ ਜਨ ਪਤਾ ਲਗਾ ਸਕਦੇ ਹਨ ਕਿ ਸਾਡਾ ਦੇਸ਼ ਮਾਇਕੀ ਹਾਲਤ ਵਿਚ ਕਿਥੋਂ ਤੀਕਨ ਪੁਜਾ ਹੋਯਾ ਸੀ। ਮਗਰ ਏਸ ਦੇਸ਼ ਦੀ ਫੁਟ ਨੇ ਮੁਲਕ ਨੂੰ ਤਬਾਹ ਕਰ ਦਿਤਾ ਸੀ ॥

ਯਥਾ ਕਬਿਤ ਫੁਟ ਦਾ:--

"ਬੀਜਦੇ ਨੇ ਲੋਕ ਏਸ ਦੇਸ਼ ਦੇ ਪਿਆਰ ਕਰ,
ਗੋਡੀਆਂ ਨੂੰ ਗਡ ਗੋਡ ਚੰਗੀ ਤਰ੍ਹਾਂ ਪਾਲਦੇ।
ਵੇਲਾਂ ਵਾਲੀ ਰਾਖੀ ਰਖ ਪਾਣੀ ਦੇਨ ਦੇਨ ਤਿਜੇ ਦਿਨ,
ਪਸ਼ੂ ਪੰਛੀ ਸਾਰਿਆਂ ਨੂੰ ਦੂਰ ਦੂਰ ਟਾਲਦੇ।
ਲਗਦੇ ਨੇ ਕਚਰੇ ਖਿੜੇ ਵਾਂਗ ਖਖੜੀ ਦੇ।
ਨਰ ਨਾਰੀ ਖਾਵੇ ਜੋ ਸਵਾਏ ਸੋਈ ਭਾਲਦੇ।
ਖੇਤ ਵਿਚ ਹੋਵੇ ਤੇ ਪਿਆਰੀ ਲਗੇ ਸਾਰਿਆਂ ਨੂੰ,
ਕੌਮਾਂ ਵਿਚ ਹੋਇ ਹਾਇ! ਕੌਮ ਸਾਰਾ ਗਾਲਦੇ।"

ਇਸ ਫੁਟ ਨਾਲ ਭਰਾ ਭਰਾ ਨੂੰ ਖਾਨ ਲਗਾ ਤੇ ਦੁਸ਼ਮਨਾਂ ਨੂੰ ਚੜ੍ਹਾਕੇ ਲਿਆਉਣ ਲਗ ਪਏ ਮੂਰਖਾਂ ਨੂੰ ਇਹ ਪਤਾ ਨਾਂ ਲਗਾ ਕਿ ਅਜੇ ਮੈਂ ਏਹਦੀ ਦੁਰਗਤੀ ਕਰਾਂਗਾ, ਕਲ ਓਹ ਮੇਰਾ ਨਾਸ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.